# ਦਫਤਰ ਨਗਰ ਨਿਗਮ ਬਠਿੰਡਾ।

ਨਗਰ ਨਿਗਮ, ਬਠਿੰਡਾ ਦੀ ਫਾਈਨਾਂਸ ਅਤੇ ਕੰਟਰੈਕਟ ਕਮੇਟੀ ਦੀ ਮੀਟਿੰਗ ਮਿਤੀ 16.03.2016 ਨੂੰ ਦੁਪਹਿਰ 12.00 ਵਜੇ ਸ਼੍ਰੀ ਬਲਵੰਤ ਰਾਏ ਨਾਥ, ਮੇਅਰ, ਨਗਰ ਨਿਗਮ, ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਹੇਠ ਲਿਖੇ ਮੈਂਬਰਜ਼ ਨੇ ਹਿੱਸਾ ਲਿਆ।

| ਲੜੀ ਨੰ: | ਨਾਮ |
|---|---|
| 1. | ਸ਼੍ਰੀ ਬਲਵੰਤ ਰਾਏ ਨਾਥ,<br>ਮੇਅਰ |
| 2. | ਸ਼੍ਰੀਮਤੀ ਗੁਰਿੰਦਰਪਾਲ ਕੋਰ ਮਾਂਗਟ<br>ਡਿਪਟੀ ਮੇਅਰ |
| 3. | ਸ਼੍ਰੀ ਨਿਰਮਲ ਸਿੰਘ ਸੰਧੂ, ਕੌਂਸਲਰ<br>ਮੈਂਬਰ ਐਫ.ਐਂਡ ਸੀ.ਸੀ. |
| 4. | ਸ਼੍ਰੀ ਅਨਿਲ ਕੁਮਾਰ ਗਰਗ, ਪੀ.ਸੀ.ਐਸ<br>ਕਮਿਸ਼ਨਰ, ਨਗਰ ਨਿਗਮ, ਬਠਿੰਡਾ। |

ਇਸ ਉਪਰੰਤ ਫਾਈਨਾਂਸ ਐਂਡ ਕੰਟਰੈਕਟ ਕਮੇਟੀ ਦੀ ਮੀਟਿੰਗ ਦੀ ਕਾਰਵਾਈ ਸ਼ੁਰੂ ਹੋਈ।

s

<table>
<tr><th>ਲੜੀ ਨੰ:</th><th>ਮਤਾ ਨੰ:</th><th>ਏਜੰਡਾ ਆਈਟਮ ਨੰ:</th><th>ਮਤਾ ਜੋ ਪਾਸ ਹੋਇਆ</th></tr>
<tr><td>1.</td><td>65</td><td><u>ਏਜੰਡਾ ਨੰ: 1</u><br>ਐਫ.ਐਂਡ ਸੀ.ਸੀ. ਦੀ ਮੀਟਿੰਗ ਮਿਤੀ 23.02.2016 ਦੀ ਕਾਰਵਾਈ ਦੀ ਪਕਿਆਈ।</td><td>ਮੀਟਿੰਗ ਮਿਤੀ 23.02.2016 ਦੀ ਕਾਰਵਾਈ ਦੀ ਪਕਿਆਈ ਕੀਤੀ ਜਾਂਦੀ ਹੈ।</td></tr>
<tr><td>2.</td><td>66</td><td><u>ਏਜੰਡਾ ਨੰ: 2</u><br>ਰਿਪੋਰਟ ਵਰਕਸ ਸ਼ਾਖਾ ਕਿ ਸ/ਲ ਗਰੈਨਾਈਟ ਸਟੋਨ ਪੈਡਸਟਲ ਆਫ ਸਟੈਚੂ ਇਨ ਪੁਖਰਾਜ ਕਲੋਨੀ ਪਾਰਕ ਦੇ ਮੁਬਲਿਗ 1.02 ਲੱਖ ਰੁਪਏ ਦੇ ਕੰਮ ਲਈ ਮਿਤੀ 10.03.2016 ਨੂੰ ਟੈਂਡਰ ਮੰਗੇ ਗਏ ਸਨ। ਇਸ ਕੰਮ ਬਾਬਤ ਤਿੰਨ ਟੈਂਡਰ ਪ੍ਰਾਪਤ ਹੋਏ ਹਨ। ਇਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-<br><table><tr><th>ਲੜੀ ਨੰ:</th><th>ਏਜੰਸੀ ਦਾ ਨਾਮ</th><th>ਓਵਰਆਲ ਲੈਸ</th><th>ਟੈਂਡਰ ਕੀਤੀ ਰਕਮ</th></tr><tr><td>1</td><td>ਦੀ ਫਰੈਂਡਜ਼ ਕੋ-ਅੱਪ ਐਲ.ਸੀ. ਸੋਸਾਇਟੀ ਲਿਮ:</td><td>(-) 1.00%</td><td>100980/-</td></tr><tr><td>2.</td><td>ਸ਼੍ਰੀ ਸੀਤਾ ਰਾਮ ਠੇਕੇਦਾਰ</td><td>(-) 3.00%</td><td>98940/-</td></tr><tr><td>3.</td><td>ਦੀ ਜੈ ਹਿੰਦ ਕੋ-ਅੱਪ ਐਲ.ਸੀ. ਸੋਸਾਇਟੀ ਲਿਮ:</td><td>(-) 2.00%</td><td>99960/-</td></tr></table>ਉਪਰੋਕਤ ਟੈਂਡਰਾਂ ਵਿੱਚੋਂ ਸ਼੍ਰੀ ਸੀਤਾ ਰਾਮ ਠੇਕੇਦਾਰ ਦੇ ਰੇਟ ਸੱਭ ਤੋਂ ਘੱਟ ਹਨ। ਠੇਕੇਦਾਰ ਨੇ 1.02 ਲੱਖ ਰੁਪਏ ਦੇ ਮੁਕਾਬਲੇ 98940/- ਰੁਪਏ ਦੀ ਮੰਗ ਕੀਤੀ ਹੈ। ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।</td><td>ਪ੍ਰਵਾਨ ਹੈ।</td></tr>
<tr><td>3.</td><td>67</td><td><u>ਏਜੰਡਾ ਨੰ: 3</u><br>ਰਿਪੋਰਟ ਵਰਕਸ ਸ਼ਾਖਾ ਕਿ ਆਪਰੇਸ਼ਨ ਐਂਡ ਮੈਨਟੀਨੈਂਸ ਆਫ ਈ.ਟੀ. ਪਲਾਂਟ ਐਂਡ ਸਲਾਟਰ ਹਾਊਸ਼ ਇੰਨ ਸੰਜੇ ਨਗਰ ਦੇ ਮੁਬਲਿਗ 4.32 ਲੱਖ ਰੁਪਏ ਦੇ ਕੰਮ ਲਈ ਮਿਤੀ 04.02.2016 ਨੂੰ ਈ-ਟੈਂਡਰਿੰਗ ਪ੍ਰਣਾਲੀ ਰਾਹੀਂ ਟੈਂਡਰ ਮੰਗੇ ਗਏ ਸਨ। ਇਸ ਕੰਮ ਬਾਬਤ ਇੱਕ ਟੈਂਡਰ ਪ੍ਰਾਪਤ ਹੋਇਆ ਹੈ, ਜਿਸਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-<br><table><tr><th>ਲੜੀ ਨੰ:</th><th>ਏਜੰਸੀ ਦਾ ਨਾਮ</th><th>ਓਵਰਆਲ ਲੈਸ</th><th>ਟੈਂਡਰ ਕੀਤੀ ਰਕਮ</th></tr><tr><td>1</td><td>ਐਸ.ਐਂਡ ਐਸ. ਐਂਵਾਇਰੋਟੈਕ, ਮੁਹਾਲੀ, ਪੰਜਾਬ</td><td>(-) 1.50%</td><td>425520/-</td></tr></table>ਸੋ, ਉਕਤ ਮੁਤਾਬਿਕ ਐਸ.ਐਂਡ ਐਸ. ਐਂਵਾਇਰੋਟੈਕ, ਮੁਹਾਲੀ, ਪੰਜਾਬ ਇਹ ਕੰਮ 4.32 ਲੱਖ ਰੁਪਏ ਦੇ ਵਿਰੁੱਧ 425520/- ਰੁਪਏ ਵਿੱਚ ਕਰਨ ਲਈ ਤਿਆਰ ਹੈ। ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।</td><td>ਪ੍ਰਵਾਨ ਹੈ।</td></tr>
<tr><td>4.</td><td>68</td><td><u>ਏਜੰਡਾ ਨੰ: 4</u><br>ਰਿਪੋਰਟ ਵਰਕਸ ਸ਼ਾਖਾ ਕਿ ਡਿਵੈਲਪਮੈਂਟ ਆਫ ਇੰਨਫਰਾਸਟਰਕੱਚਰ ਇਨ ਜ਼ੋਨ ਨੰਬਰ 1,2,7 ਅਤੇ 8 ਆਫ ਮਿਉਂਸਪਲ ਕਾਰਪੋਰੇਸ਼ਨ ਬਠਿੰਡਾ - ਅਨੁਮਾਨਤ ਲਾਗਤ 4253.58 ਲੱਖ ਰੁਪਏ ਦੇ ਕੰਮ ਲਈ ਈ-ਟੈਂਡਰ ਪ੍ਰਣਾਲੀ ਰਾਹੀਂ ਟੈਂਡਰ ਮੰਗੇ ਗਏ ਸਨ। ਇਸ ਕੰਮ ਦੀ ਟੈਕਨੀਕਲ ਬਿੱਡ ਮਿਤੀ 02.03.2016 ਨੂੰ ਖੋਲੀ ਗਈ ਸੀ। ਇਸ ਕੰਮ ਦੀ ਟੈਕਨੀਕਲ ਬਿੱਡ ਦੀ ਇਵੈਲੂਏਸ਼ਨ ਕਰਨ ਲਈ ਕਮਿਸ਼ਨਰ ਨਗਰ ਨਿਗਮ ਜੀ ਵੱਲੋਂ ਮਿਤੀ 25.02.2016 ਆਰਡਰ ਰਾਹੀਂ ਕਮੇਟੀ ਬਣਾਈ ਗਈ ਸੀ। ਇਸ ਕਮੇਟੀ ਦੀ ਰਿਪੋਰਟ ਅਨੁਸਾਰ ਚਾਰ ਏਜੰਸੀਆਂ ਵਿੱਚੋਂ ਤਿੰਨ ਏਜੰਸੀਆਂ ਦੀ ਬਿੱਡ ਰਿਸਪੋਨਸਿਵ ਪਾਈਆਂ ਗਈਆਂ ਸਨ। ਮੈਸ: ਏ.ਐਸ.ਸੀ ਬਿਲਡਰਜ਼ ਦੀ ਬਿੱਡ ਨਾਨ ਰਿਸਪੋਨਸਿਵ</td><td></td></tr>
</table>

| | | | |
|---|---|---|---|
| | | ਸੀ। ਬਾਕੀ ਤਿੰਨ ਏਜੰਸੀਆਂ ਦੀ ਫਾਇਨੈਨਸ਼ਿਅਲ ਬਿੱਡ ਮਿਤੀ 04.03.2016 ਨੂੰ ਖੋਲੀ ਗਈ ਸੀ। ਇਹਨਾਂ ਦੇ ਪ੍ਰਾਪਤ ਹੋਏ ਰੇਟ ਹੇਠ ਲਿਖੇ ਅਨੁਸਾਰ ਹਨ:-<br>1. ਸੀਗਾਲ ਇੰਡੀਆ ਲਿਮ: - ਐਸਟੀਮੇਟ ਤੋਂ 7.02% ਘੱਟ।<br>2. ਮੈਸ: ਸਤੀਸ਼ ਅਗਰਵਾਲ ਐਂਡ ਕੰਪਨੀ - ਐਸਟੀਮੇਟ ਤੋਂ 10.08% ਘੱਟ।<br>3. ਮੈਸ: ਵੀ.ਆਰ.ਸੀ. ਕੰਸਟਰਕਸ਼ਨਜ਼ (ਆਈ) ਪ੍ਰਾ: ਲਿਮ: - ਐਸਟੀਮੇਟ ਤੋਂ 9.25% ਵੱਧ।<br>ਇਸ ਪ੍ਰਕਾਰ ਮੈਸ: ਸਤੀਸ਼ ਅਗਰਵਾਲ ਐਂਡ ਕੰਪਨੀ ਦੇ ਰੇਟ ਸੱਭ ਤੋਂ ਘੱਟ ਹਨ। ਟੈਂਡਰ ਭਰਨ ਦੀ ਪ੍ਰਕ੍ਰਿਆ ਦੋਰਾਨ ਐਸਟੀਮੇਟ ਦੇ ਰੇਟ ਰਿਵਾਇਜ਼ ਹੋ ਗਏ ਸਨ। ਇਸ ਬਾਬਤ ਮਿਤੀ 08.02.16 ਨੂੰ ਚੀਫ ਇੰਜੀਨੀਅਰ ਦੀ ਮੀਟਿੰਗ ਕੀਤੀ ਗਈ ਸੀ। ਇਸਦੀ ਕਾਰਵਾਈ ਸ਼੍ਰੀ ਅਜੈ ਕੰਵਰ, ਚੀਫ ਇੰਜ: ਸ.ਸ. ਜੀ ਵੱਲੋਂ ਈ-ਮੇਲ ਰਾਹੀਂ ਸਰਕੂਲੇਟ ਕੀਤੀ ਗਈ ਸੀ। ਰਿਵਾਇਜ਼ਡ ਐਸਟੀਮੇਟ 4232.79 ਲੱਖ ਰੁਪਏ ਦਾ ਬਣਿਆ ਹੈ। ਪ੍ਰਾਪਤ ਹੋਏ ਰੇਟ ਰਿਵਾਇਜ਼ਡ ਐਸਟੀਮੇਟ ਤੋਂ 9.52% ਘੱਟ ਹੈ, ਜੋ ਕਿ ਕੰਪੀਟਿਟਿਵ ਹਨ। ਫਰਮ ਵੱਲੋਂ 4232.79 ਲੱਖ ਰੁਪਏ ਦੇ ਰਿਵਾਇਜ਼ਡ ਤਖਮੀਨੇ ਦੇ ਵਿਰੁੱਧ 3824.82 ਲੱਖ ਰੁਪਏ ਦੀ ਮੰਗ ਕੀਤੀ ਹੈ ਜੋ ਕਿ ਮੰਨਜ਼ੂਰ ਕਰਨ ਯੋਗ ਹੈ। ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ। | **ਪ੍ਰਵਾਨ ਹੈ।** |
| 5. | 69 | **ਏਜੰਡਾ ਨੰ: 5**<br>ਰਿਪੋਰਟ ਵਰਕਸ ਸ਼ਾਖਾ ਕਿ ਡਿਵੈਲਪਮੈਂਟ ਆਫ ਇੰਨਫਰਾਸਟਰਕੱਚਰ ਇਨ ਜ਼ੋਨ ਨੰਬਰ 3,4,5 ਅਤੇ 6 ਆਫ ਮਿਉਂਸਪਲ ਕਾਰਪੋਰੇਸ਼ਨ ਬਠਿੰਡਾ - ਅਨੁਮਾਨਤ ਲਾਗਤ 31.00 ਕਰੋੜ੍ਹ ਰੁਪਏ ਦੇ ਕੰਮ ਲਈ ਈ-ਟੈਂਡਰ ਪ੍ਰਣਾਲੀ ਰਾਹੀਂ ਮਿਤੀ 01.03.2016 ਨੂੰ ਟੈਂਡਰ ਮੰਗੇ ਗਏ ਸਨ। ਇਹਨਾਂ ਦੀ ਟੈਕਨੀਕਲ ਬਿੱਡ ਖੋਲਣ ਅਤੇ ਮੁੱਲ ਅੰਕਣ ਕਰਨ ਲਈ ਕਮਿਸ਼ਨਰ ਨਗਰ ਨਿਗਮ ਬਠਿੰਡਾ ਜੀ ਵੱਲੋਂ ਮਿਤੀ 25.02.2016 ਰਾਹੀਂ ਟੈਕਨੀਕਲ ਕਮੇਟੀ ਦਾ ਗਠਨ ਕੀਤਾ ਗਿਆ ਸੀ। ਇਸ ਕੰਮ ਲਈ ਚਾਰ ਫਰਮਾਂ ਵੱਲੋਂ ਟੈਂਡਰ ਭਰੇ ਗਏ ਸਨ। ਪਰੰਤੂ ਟੈਕਨੀਕਲ ਕਮੇਟੀ ਵੱਲੋਂ ਤਿੰਨ ਫਰਮਾਂ ਦੇ ਨਾਮ ਟੈਕਨੀਕਲ ਵੈਲੂਏਸ਼ਨ ਸਮੇਂ ਫਿੱਟ ਪਾਏ ਗਏ। ਮਿਤੀ 04.03.2016 ਨੂੰ ਫਾਇਨੈਸ਼ਲ ਬਿੱਡ ਖੋਲਣ ਸਮੇਂ ਉਪਰੋਕਤ ਤਿੰਨ ਕੰਪਨੀਆਂ ਵਿੱਚੋਂ ਸੀਗਲ ਇੰਡੀਆ ਲਿਮ: ਦੇ ਨੁਮਾਇੰਦੇ ਵੱਲੋਂ ਮੋਬਾਇਲ ਤੇ ਸ਼ਿਕਾਇਤ ਕੀਤੀ ਗਈ ਕਿ ਸਤੀਸ਼ ਅਗਰਵਾਲ ਐਂਡ ਕੰਪਨੀ ਵੱਲੋਂ ਤਕਨੀਕੀ ਬਿੱਡ ਵਿੱਚ ਜਮਾਂ ਕਰਵਾਏ ਗਏ ਦਸਤਾਵੇਜ਼ ਠੀਕ ਨਹੀਂ ਹਨ। ਜਿਸ ਕਰਕੇ ਇਸ ਕੰਮ ਦੀ ਫਾਇਨੈਂਸਲ ਬਿੱਡ ਨੂੰ ਉੱਚ ਅਧਿਕਾਰੀਆਂ ਦੇ ਕਹਿਣ ਤੇ ਖੋਲਣਾਂ ਟਾਲ ਦਿੱਤਾ ਗਿਆ। ਮਿਤੀ 08.03.2016 ਨੂੰ ਪ੍ਰਾਪਤ ਹੋਈ ਸ਼ਿਕਾਇਤ, ਸਤੀਸ਼ ਅਗਰਵਾਲ ਐਂਡ ਕੰਪਨੀ ਦੇ ਦਸਤਾਵੇਜ਼ ਅਤੇ ਸਟੈਂਡਰਡ ਬਿੱਡ ਡਾਕੂਮੈਂਟ ਲੀਗਲ ਐਡਵਾਇਜ਼ਰ ਪਾਸ ਕਾਨੂੰਨੀ ਰਾਏ ਲੈਣ ਲਈ ਭੇਜੇ ਗਏ। ਜਿਸ ਤੇ ਉਹਨਾਂ ਵੱਲੋਂ ਰਾਏ ਦਿੱਤੀ ਗਈ ਜੋ ਕਿ ਜੋ ਕਿ ਹੇਠ ਲਿਖੇ ਅਨੁਸਾਰ ਦਰਜ਼ ਹੈ:-<br>"With regard to your noting dated 08.03.2016, with regard to first query, I am of the opinion that the Civil works carried out by M/s. Satish Aggarwal & Company in joint venture, which is not being reflected in the Balance Sheet of M/s. Satish Aggarwal & Company, Since the Joint Venture has separate legal entity, cannot be included, while evaluating its Bid Capacity. Further I am of the opinion that the turnover derived from trading activities by it also cannot be included, while evaluating its Bid Capacity, as in my opinion it does not fall within the ambit of Civil Works.<br>Further abut second query, I am of the opinion that if one bidder is found L-1 for one week, then its available Bid Capacity for other works is to be reduced to that extent. In case, for any reason whatsoever, the work is not allotted to him, in which he has found L-1, then his Bid Capacity remains intact for other works".<br>ਉਪਰੋਕਤ ਕਾਨੂੰਨੀ ਰਾਏ ਦੇ ਮੱਦੇ ਨਜ਼ਰ ਇਹ ਫੈਸਲਾ ਲਿਆ ਗਿਆ ਕਿ ਸਤੀਸ਼ ਅਗਰਵਾਲ ਐਂਡ ਕੰਪਨੀ ਦੀ ਇਸ ਕੰਮ ਲਈ | |

<table>
<tr><td></td><td></td><td>ਪ੍ਰਾਪਤ ਹੋਈ ਬਿੱਡ ਨਾਨ ਰਿਸਪੋਨਸਿਵ ਮੰਨੀ ਜਾਣੀ ਚਾਹੀਦੀ ਹੈ, ਜੋ ਫਾਇਲ ਨਾਲ ਨੱਥੀ ਹੈ। ਇਸ ਸਬੰਧੀ ਸਤੀਸ਼ ਅਗਰਵਾਲ ਐਂਡ ਕੰਪਨੀ ਨੂੰ ਲਿਖਤੀ ਤੋਰ ਤੇ ਸੂਚਿਤ ਕੀਤਾ ਗਿਆ ਕਿ ਇਸ ਸਬੰਧ ਵਿੱਚ ਆਪਣਾ ਪੱਖ ਰੱਖਣਾ ਚਾਹੁੰਦੇ ਹਨ ਤਾਂ ਰੱਖਣ। ਉਹਨਾਂ ਦੁਆਰਾ ਆਪਣੇ ਪੱਤਰ ਮਿਤੀ 11.03.2016 ਰਾਹੀਂ ਦਸਿਆ ਗਿਆ ਕਿ ਉਹ ਇਸ ਸਬੰਧ ਵਿੱਚ ਕੁੱਝ ਹੋਰ ਨਹੀਂ ਕਹਿਣਾ ਚਾਹੁੰਦੇ, ਜੋ ਕਿ ਫਾਇਲ ਨਾਲ ਨੱਥੀ ਹੈ। ਇਸ ਉਪਰੰਤ ਮਿਤੀ 11.03.2016 ਨੂੰ ਇਸ ਕੰਮ ਦੀ ਫਾਇਨੈਂਸਲ ਬਿੱਡ ਹੇਠ ਲਿਖੀਆਂ 2 ਕੰਪਨੀਆਂ ਦੀ ਖੋਲੀ ਗਈ। ਇਹਨਾਂ ਦੇ ਪ੍ਰਾਪਤ ਹੋਏ ਰੇਟ ਹੇਠ ਲਿਖੇ ਅਨੁਸਾਰ ਹਨ:-
<table>
<tr><td>Sr.No.</td><td>Name of Company</td><td>Rate in Figures</td><td>Rate in Words</td><td>Amount</td></tr>
<tr><td>1</td><td>VRC Constructions (I) Pvt. Ltd.</td><td>9.25% Above</td><td>Nine point two five %</td><td>338675000.00</td></tr>
<tr><td>2</td><td>CEIGALL INDIA LIMITED</td><td>7.02% Below</td><td>Seven Point Zero Two %</td><td>288238000.00</td></tr>
</table>
ਉਪਰੋਕਤ ਵਿੱਚੋਂ CEIGALL INDIA LIMITED ਦੇ ਰੇਟ ਘੱਟ ਹਨ। ਪਰੰਤੂ ਇੱਥੇ ਇਹ ਦਸਣਾ ਯੋਗ ਹੋਵੇਗਾ ਕਿ ਇਸ ਮਿਤੀ ਨੂੰ ਜ਼ੋਨ ਨੰਬਰ 1,2,7 ਅਤੇ 8 ਦੇ ਟੈਂਡਰ ਵੀ ਮੰਗੇ ਗਏ ਸਨ। ਜਿਸ ਵਿੱਚ ਸਤੀਸ਼ ਅਗਰਵਾਲ ਐਂਡ ਕੰਪਨੀ ਵੱਲੋਂ 10.08% ਘੱਟ ਰੇਟ ਪਾਏ ਗਏ ਹਨ। ਕਿਉਂਕਿ ਇਹ ਕੰਮ ਵੀ ਉਸੇ ਹੀ ਤਰ੍ਹਾਂ ਦਾ ਹੈ, ਇਸ ਲਈ CEIGALL INDIA LIMITED ਨੂੰ ਪੱਤਰ ਨੰਬਰ 94/ਡਬਲਿਊ ਮਿਤੀ 14.03.2016 ਰਾਹੀਂ ਲਿਖਿਆ ਗਿਆ ਹੈ, ਕਿ ਉਹਨਾਂ ਵੱਲੋਂ ਪਾਏ ਗਏ ਰੇਟ, ਉਸੇ ਤਰ੍ਹਾਂ ਦੇ ਕੰਮ ਦੇ ਉਸੇ ਦਿਨ ਹੋਏ ਟੈਂਡਰਾਂ ਵਿੱਚ ਆਏ ਰੇਟਾਂ ਤੋਂ ਜਿਆਦਾ ਹਨ। ਸੋ ਦੁਬਾਰਾ ਵਿਚਾਰਿਆ ਜਾਵੇ। ਕੰਪਨੀ ਨੂੰ ਮੇਲ ਵੀ ਕਰ ਦਿੱਤੀ ਗਈ ਸੀ। ਸੀਗਾਲ ਇੰਡੀਆ ਵੱਲੋਂ ਆਪਣੇ ਪੱਤਰ ਨੰਬਰ CIL/MCB/1516/15316 ਮਿਤੀ 15.03.2016 ਨੂੰ ਜਵਾਬ ਭੇਜਿਆ ਗਿਆ ਹੈ, ਜਿਸ ਵਿੱਚ ਉਹਨਾਂ ਵੱਲੋਂ ਰੇਟ 7.02% ਤੋਂ ਘਟਾ ਕੇ 10.08% ਤੇ ਕੰਮ ਕਰਨ ਦੀ ਸਹਿਮਤੀ ਦਿੱਤੀ ਹੈ। ਇੱਥੇ ਇਹ ਵੀ ਦਸਣਾ ਯੋਗ ਹੋਵੇਗਾ ਕਿ ਟੈਂਡਰ ਭਰਨ ਦੀ ਪ੍ਰਕ੍ਰਿਆ ਦੋਰਾਨ ਐਸਟੀਮੇਟ ਦੇ ਰੇਟ ਰਿਵਾਇਜ਼ ਹੋ ਗਏ ਸਨ। ਇਸ ਬਾਬਤ ਮਿਤੀ 08.02.16 ਨੂੰ ਚੀਫ ਇੰਜੀਨੀਅਰ ਦੀ ਮੀਟਿੰਗ ਕੀਤੀ ਗਈ ਸੀ। ਇਸਦੀ ਕਾਰਵਾਈ ਸ਼੍ਰੀ ਅਜੈ ਕੰਵਰ, ਚੀਫ ਇੰਜ: ਸ.ਸ. ਜੀ ਵੱਲੋਂ ਈ-ਮੇਲ ਰਾਹੀਂ ਸਰਕੂਲੇਟ ਕੀਤੀ ਗਈ ਸੀ। ਰਿਵਾਇਜ਼ਡ ਐਸਟੀਮੇਟ 3087.40 ਲੱਖ ਰੁਪਏ ਦਾ ਬਣਿਆ ਹੈ। ਪ੍ਰਾਪਤ ਹੋਏ ਰੇਟ ਰਿਵਾਇਜ਼ਡ ਐਸਟੀਮੇਟ ਤੋਂ 9.53% ਘੱਟ ਹੈ, ਜੋ ਕਿ ਕੰਪੀਟਿਟਿਵ ਹਨ। ਫਰਮ ਵੱਲੋਂ 3087.40 ਲੱਖ ਰੁਪਏ ਦੇ ਰਿਵਾਇਜ਼ਡ ਤਖਮੀਨੇ ਦੇ ਮੁਕਬਾਲੇ 2793.14 ਲੱਖ ਰੁਪਏ ਦੀ ਮੰਗ ਕੀਤੀ ਹੈ, ਜੋ ਕਿ ਮੰਨਜ਼ੂਰ ਕਰਨ ਯੋਗ ਹੈ। ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।</td><td>ਪ੍ਰਵਾਨ ਹੈ।</td></tr>
<tr><td>6.</td><td>70</td><td><u>ਏਜੰਡਾ ਨੰ: 6</u><br>ਰਿਪੋਰਟ ਰੈਂਟ ਸ਼ਾਖਾ ਕਿ ਰੋਜ਼ ਗਾਰਡਨ ਪਾਸ ਜੋਗਰ ਪਾਰਕ ਦੀ ਕੰਨਟੀਨ ਖੁੱਲੀ ਬੋਲੀ ਰਾਹੀਂ ਇੱਕ ਸਾਲ (01.04.16 ਤੋਂ 31.03.17 ਤੱਕ) ਦੇ ਸਮੇਂ ਲਈ ਠੇਕੇ ਤੇ ਦੇਣ ਖਾਤਰ ਮਿਤੀ 04.03.2016 ਨੂੰ ਬੋਲੀ ਕਰਵਾਈ ਗਈ ਸੀ। ਸਰਕਾਰੀ ਬੋਲੀ 34000/- ਰੁਪਏ ਸਲਾਨਾ ਰੱਖੀ ਗਈ ਸੀ। ਬੋਲੀ ਵਿੱਚ 6 ਬੋਲੀਕਾਰਾਂ ਨੇ ਹਿੱਸਾ ਲਿਆ। ਸੱਭ ਤੋਂ ਉੱਚੀ ਬੋਲੀ ਸ਼੍ਰੀ ਸੁਧੀਰ ਕੁਮਾਰ ਪੁੱਤਰ ਸ਼੍ਰੀ ਰੂਪ ਚੰਦ, ਵਾਸੀ ਗਲੀ ਨੰ: 4-ਡੀ, ਪ੍ਰਤਾਪ ਨਗਰ, ਮਕਾਨ ਨੰਬਰ 29005, ਬਠਿੰਡਾ ਨੇ 53500/- ਰੁਪਏ ਦਿੱਤੀ ਗਈ। ਇਸਤੋਂ ਉਪਰ ਹੋਰ ਕੋਈ ਬੋਲੀਕਾਰ ਨੇ ਬੋਲੀ ਨਹੀਂ ਦਿੱਤੀ। ਬੋਲੀ ਦੀ ਪ੍ਰਵਾਨਗੀ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।</td><td>ਪ੍ਰਵਾਨ ਹੈ।</td></tr>
<tr><td>7.</td><td>71</td><td><u>ਏਜੰਡਾ ਨੰ: 7</u><br>ਦਫਤਰੀ ਰਿਪੋਰਟ ਕਿ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਵਿਕਾਸ ਦੇ ਕੰਮ ਕਰਾਉਣ ਲਈ ਹੇਠ ਲਿਖੇ ਅਨੁਸਾਰ ਤਖਮੀਨੇ ਤਿਆਰ ਕੀਤੇ ਗਏ ਹਨ:-</td><td></td></tr>
</table>

s

<table>
<tr>
<td></td>
<td></td>
<td>
<table>
<tr><th>ਲੜੀ ਨੰ:</th><th>ਵਾਰਡ ਨੰਬਰ</th><th>ਕੰਮ ਦਾ ਨਾਮ</th><th>ਤਖਮੀਨੇ ਦੀ ਰਕਮ (ਲੱਖਾਂ ਵਿੱਚ)</th></tr>
<tr><td>1</td><td></td><td>ਸਪਲਾਈ ਆਫ ਲੇਬਰ ਫਾਰ ਨਿਊ ਪਲਾਂਟੇਸ਼ਨ (2016) 2 ਮਹੀਨਿਆਂ ਖਾਤਰ</td><td>2.20</td></tr>
<tr><td>2</td><td></td><td>ਪੇਟਿੰਗ ਆਫ ਅੰਡਰਬਰਿਜ ਐਟ ਪਰਸ ਰਾਮ ਨਗਰ ਐਂਡ ਮੁਲਤਾਨੀਆ ਆਰ.ਓ.ਬੀ. ਪਾਸ ਟੂਵਰਡਜ਼ ਗਊਸ਼ਾਲਾ</td><td>2.88</td></tr>
</table>
ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।
</td>
<td>ਪ੍ਰਵਾਨ ਹੈ।</td>
</tr>
</table>

**ਸਹੀ/-**
**ਮੇਅਰ**
**ਨਗਰ ਨਿਗਮ, ਬਠਿੰਡਾ।**

s